ਮਤਾ ਨੰਬਰ :-5 ਅੱਜ ਦਾ ਪੰਥਕ ਇਕੱਠ ਸਿੱਖ ਕੌਮ ਦੇ ਮੱਸਲਿਆਂ ਦੇ ਫੈਸਲੇ ਬੰਦ ਕਮਰਿਆਂ ਵਿੱਚ ਕਰਨ ਦੀ ਬਜਾਏ ਸਿਰਫ ਸ਼੍ਰੀ ਅਕਾਲ ਤਖਤ ਸਾਹਿਬ ਤੇ ਹੀ ਹੋਣ ਤੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਦੀ ਚੋਣ ਸਰਬੱਤ ਖਾਲਸਾ ਦੁਆਰਾ ਕਰਨ ਦੀ ਪੁਰਜ਼ੋਰਦਾਰ ਅਪੀਲ ਕਰਦਾ ਹੈ ।

ਬੈਲਜ਼ੀਅਮ ਦੀਆਂ ਸੰਗਤਾਂ ਵੱਲੋ ਬਾਦਲ ,ਇਸ ਦੇ ਦਾਸ ਅਵਤਾਰ ਸਿੰਘ ਮੱਕੜ ,ਤੇ ਜਥੇਦਾਰਾਂ ਦੇ ਬਾਈਕਾਟ ਤੇ ਖਾਲਸਾ ਰਾਜ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੇ ਕੀਤੇ ਮਤੇ ਪਾਸ ।

29 dec2009 ਬਰਸੱਲ

ਸਾਹਿਬੇ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫਰਜ਼ੰਦ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਦੇ ਸ਼ਹੀਦੀ ਦਿਹਾੜੇ ਤੇ ਸਿੱਖ ਕੌਮ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਬੈਲਜ਼ੀਅਮ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਮੂਹ ਪੰਥਕ ਜਥੇਬੰਦੀਆਂ ਨੇ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਬਰਸੱਲ ਵਿਖੇ ਮਹਾਨ ਸ਼ਹੀਦੀ ਸਮਾਗਮ ਕਰਵਾਇਆ ਗਿਆ ।ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਦੀਵਾਨ ਸਜਾਏ ਗਏ ਸਜੇ ਦੀਵਾਨ ਵਿੱਚ ਗੁਰੂ ਘਰ ਦੇ ਗ੍ਰੰਥੀ ਸਾਹਿਬਾਨ ਨੇ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਤੇ ਭਾਈ ਲਖਵੀਰ ਸਿੰਘ ਜੀ ਨੇ ਗੁਰਬਾਣੀ ਦੀ ਕਥਾ ਦੁਆਰਾ ਸ਼ਹੀਦਾਂ ਨੂੰ ਪ੍ਰਣਾਮ ਕੀਤਾ ।ਇਸ ਸ਼ਹੀਦੀ ਸਮਾਗਮ ਵਿੱਚ ਬੈਲਜ਼ੀਅਮ ਦੇ ਗੁਰਦੁਆਰਾ ਸੰਗਤ ਸਾਹਿਬ ਸਿਤੰਰੂਦਨ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਲੀਹ, ਗੁਰਦੁਆਰਾ ਗੁਰੂ ਨਾਨਕ ਦੇਵ ਬਰੱਸਲ , ਪੰਥਕ ਜਥੇਬੰਦੀਆਂ ਇੰਟਰਨੈਸ਼ਨਲ ਸਿੱਖ ਕੌਸਲ ਬੈਲਜ਼ੀਅਮ, ਬੱਬਰ ਖਾਲਸਾ ਇੰਟਰਨੈਸ਼ਨਲ (ਜਥੇ. ਤਲਵਿੰਦਰ ਸਿੰਘ), ਸ਼ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਪੋਰਟਸ ਕਲੱਬ, ਸਿੱਖ ਫੈਡਰੇਸ਼ਨ ਜਰਮਨੀ, ਸਵਿਟਜ਼ਰਲੈਡ, ਦਲਖਾਲਸਾ ਇੰਟਰਨੈਸ਼ਨਲ,ਗੁਰੂ ਨਾਨਕ ਸਿੱਖ ਸੁਸਾਇਟੀ, ਸਿੱਖ ਮਿਸ਼ਨਰੀ ਸਰਕਲ ਬੈਲਜ਼ੀਅਮ ਦੇ ਅਗੂਆਂ ਨੇ ਸ਼ਮੂਲੀਅਤ ਕੀਤੀ । ਸਟੇਜ ਦੀ ਸੇਵਾ ਭਾਈ ਜਗਮੋਹਣ ਸਿੰਘ ਮੰਡ ਨੇ ਜੋਸ਼ੀਲੀ ਕਵਿਤਾ ਸਰਵਣ ਕਰਕੇ ਸੰਭਾਲੀ ਦਲ ਖਾਲਸਾ ਹਿਊਮਨ ਰਾਈਟਸ ਸਵਿਟਜ਼ਲੈਡ ਦੇ ਚੇਅਰਮੈਨ ਭਾਈ ਪ੍ਰਿਤਪਾਲ ਸਿੰਘ ਖਾਲਸਾ ਨੇ ਆਪਣੇ ਵੀਚਾਰਾਂ ਦੁਆਰਾਂ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕਰਦੇ ਹੋਏ ਕਿਹਾ ਕਿ ਡੇਰਾਵਾਦ ਦੇ ਖਾਤਮੇ ਦਾ ਅੰਤ ਸਿੱਖ ਕੌਮ ਦੇ ਅਜ਼ਾਦ ਵਤਨ ਖਾਲਿਸਤਾਨ ਬਣਨ ਨਾਲ ਹੀ ਹੋ ਸਕਦਾ ਹੈ । ਗੁਰਦੁਆਰਾ ਸੰਗਤ ਸਾਹਿਬ ਸਿੰਤਰੂਦਨ ਦੇ ਪ੍ਰਧਾਨ ਭਾਈ ਮਹਿੰਦਰ ਸਿੰਘ ਖਾਲਸਾ ਨੇ ਆਪਣੇ ਵੀਚਾਰਾਂ ਦੁਆਰਾ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਤੇ ਬੈਲਜ਼ੀਅਮ ਵਿੱਚ ਸਿੱਖ ਬੱਚਿਆਂ ਨੂੰ ਸਕੂਲਾਂ ਵਿੱਚ ਆਰਿਹੀਆਂ ਸਮੱਸਿਆਵਾਂ ਤੇ ਇਸ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਸੰਗਤਾਂ ਨਾਲ ਵੀਚਾਰ ਸਾਂਝੇ ਕੀਤੇ ।ਸ਼ਰੋਮਣੀ ਅਕਾਲੀ ਦਲ ਅੰਮਿਰਤਸਰ ਦੇ ਆਗੂ ਭਾਈ ਸੁਖਵਿੰਦਰ ਸਿੰਘ ਮੁਲਤਾਨੀ ਨੇ ਬਹੁਤ ਹੀ ਸੁਲਝੇ ਹੋਏ ਵੀਚਰਾਂ ਦੁਆਰਾ ਸ਼ਹੀਦਾਂ ਨੂੰ ਪ੍ਰਣਾਮ ਤੇ ਪੰਜਾਬ ਵਿੱਚੋ ਕੌਮ ਘਾਤਕ ਬਾਦਲ ਦਾ ਸਫਾਇਆਂ ਕੌਮ ਲਈ ਬਹੁਤ ਜਰੂਰੀ ਹੈ ।ਸਿੱਖ ਫੈਡਰੇਸ਼ਨ ਸਵਿਟਜ਼ਲੈਂਡ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਨੇ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ ਸੰਗਤਾਂ ਨੂੰ ਸਿਰਫ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਵਾਏ ਹੋਰ ਕਿਸੇ ਅੱਗੇ ਸਿਰ ਨਹੀ ਝੁਕਾਉਣਾ ਚਾਹੀਦਾ ।ਸਿੱਖ ਕੌਮ ਦੇ ਅਜ਼ਾਦ ਵਤਨ ਵਾਸਤੇ ਸੰਘਰਸ਼ਸ਼ਲਿ ਧਿਰਾਂ ਦਾ ਸਾਥ ਦੇਣਾ ਚਾਹੀਦਾ ਹੈ । ਦਲ ਖਾਲਸਾ ਜਰਮਨੀ ਦੇ ਬੁਲਾਰੇ ਭਾਈ ਗੁਰਦੀਪ ਸਿੰਘ ਹਾਈਜੈਕਰ ਨੇ ਸ਼ਹੀਦਾਂ ਨੂੰ ਪ੍ਰਣਾਮ ਤੇ ਬਾਦਲ ਦੀਆਂ ਪੰਥਕ ਵਿਰੋਧੀ ਕਾਰਵਾਈਆਂ ਤੇ ਚਾਨਣਾ ਤੇ ਇੰਗਲੈਡ ਤੋਂ ਚਲ ਰਹੇ ਸਿੱਖ ਚੈਨਲ ਵੱਲੋ ਲੁਧਿਆਣੇ ਗੋਲੀ ਕਾਡ ਦੀ ਸਹੀ ਜਾਣਕਾਰੀ ਲਈ ਸ਼ਲਾਘਾ ਤੇ ਗੁਰਮਤਿ ਸਿਧਾਤਾਂ ਅਨੁਸਾਰ ਹੀ ਸਿੱਖੀ ਦੇ ਪ੍ਰਚਾਰ ਕਰਨ ਦੀ ਅਪੀਲ ਵੀ ਕੀਤੀ ।ਭਾਈ ਮਲਕੀਤ ਸਿੰਘ, ਭਾਈ ਜਗਰੂਪ ਸਿੰਘ ,ਭਾਈ ਕੁਲਜਿੰਦਰ ਸਿੰਘ, ਭਾਈ ਜਗਦੀਸ਼ ਸਿੰਘ ਭੁਰਾ ,ਭਾਈ ਗੁਰਮੀਤ ਸਿੰਘ ਗੁਰਦੁਆਰਾ ਗੁਰੂ ਨਾਨਕ ਦੇਵ ਬਰੱਸਲ ਦੇ ਸੇਵਾਦਾਰ ਭਾਈ ਜਰਨੈਲ ਸਿੰਘ ਜੀ ਨੇ ਆਪਣੇ ਵੀਚਾਰਾਂ ਰਾਹੀ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕੀਤੇ ਬੈਲਜ਼ੀਅਮ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਨੇ ਸਮਾਗਮ ਤੋ ਪਹਿਲਾਂ ਵੀਚਰਾਂ ਕਰਕੇ ਸਰਬਸੰਮਤੀ ਨਾਲ 9 ਮਤੇ ਤਿਆਰ ਕਰਕੇ ਸੰਗਤਾਂ ਤੋਂ ਪ੍ਰਵਾਨਗੀ ਲਈ ਸਿੱਖ ਫੈਡਰੇਸ਼ਨ ਜਰਮਨੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਸੰਗਤਾਂ ਵਿੱਚ ਪੇਸ਼ ਕੀਤੇ ਜੋ ਕਿ ਸੰਗਤਾਂ ਨੇ ਜੈਕਾਰਿਆਂ ਦੀ ਗੰਜੂ ਵਿੱਚ ਪ੍ਰਵਾਨਗੀ ਦਿੱਤੀ ।ਭਾਈ ਗੁਰਚਰਨ ਸਿੰਘ ਗੁਰਾਇਆ ਨੇ ਮਤੇ ਰੱਖਣ ਤੋਂ ਪਹਿਲਾਂ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ ਕਿਹਾ ਕਿ ਸੰਗਤ ਜੀ ਕੀ ਉਹਨਾਂ ਸ਼ਹੀਦਾਂ ਪ੍ਰਤੀ ਸਾਡੀ ਸ਼ਰਧਾਂ ਸਿਰਫ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾ ਲਏ , ਲੰਗਰ ਚਲਾ , ਸਟੇਜਾਂ ਤੋਂ ਬੋਲ ਕੇ ਸਿਰਫ ਮੇਲੇ ਦਾ ਰੂਪ ਦੇਕੇ ਹੀ ਸਾਡਾ ਫਰਜ਼ ਪੂਰਾ ਹੋ ਜਾਦਾ ਹੈ ਨਹੀ ਸੰਗਤ ਜੀ ਨਿੱਕੀਆ ਜਿੰਦਾਂ ਵੱਡੇ ਸਾਕੇ ਕਰਨ ਵਾਲੇ ਗੁਰੂ ਦੇ ਲਾਡਲਿਆਂ ਦਾ ਅਸਲ ਸਨੇਹਾ ਕਿ ਧਰਮ ਵਿੱਚ ਪ੍ਰਪੱਕਤਾ ਹਕੂਮਤ ਦੇ ਕਿਸੇ ਲਾਲਚ ਜਾਂ ਡਰ ਤਸਹਿਆਂ ਅੱਗੇ

ਨਾ ਝੁਕਣਾ ਨੂੰ ਅਪਣਾ ਕੇ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਜ਼ਾਲੀ ਹੈ ਤੇ ਉਹਨਾਂ ਲੋਕਾਂ ਤੋਂ ਵੀ ਸੰਗਤ ਜੀ ਬਚੱਣਾ ਚਾਹੀਦਾ ਹੈ ਜੋ ਅੱਖਾਂ ਹੰਦੇ ਹੋਏ ਵੀ ਅੰਨੇ ਹਨ ਜਿਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋ ਸੰਤ ਤੇ ਸਿਪਾਹੀ ਦਾ ਉਪਦੇਸ਼ ਨਜ਼ਰ ਨਹੀ ਆਉਦਾ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਿਰਫ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ ਗੁਰਗੱਦੀ ਤੋਂ ਮੁਨਕਰ ਹੋਕੇ ਇਸਦੇ ਬਰਾਬਰ ਹੋਰ ਗ੍ਰੰਥ ਨੂੰ ਸ਼ਰੀਕ ਬਣਾ ਰਹੇ ਹਨ ।ਸੰਗਤ ਜੀ ਆਪ ਜੀ ਦੀ ਪ੍ਰਵਾਨਗੀ ਲਈ ਮਤੇ ਪੇਸ਼ ਹਨ ।

ਮਤਾ ਨੰਬਰ :-1 ਅੱਜ ਦਾ ਪੰਥਕ ਇਕੱਠ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋ ਲੈ ਕੇ ਸ਼ਹੀਦ ਭਾਈ ਦਰਸ਼ਨ ਸਿੰਘ ਲੁਹਾਰਾ ਜੀ ਤੱਕ ਸਿੱਖ ਕੌਮ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕਰਦਾ ਹੋਇਆ ਲੱਖ ਲੱਖ ਪ੍ਰਣਾਮ ਕਰਦਾ ਹੈ ।

ਮਤਾ ਨੰਬਰ :- 2 ਅੱਜ ਦਾ ਪੰਥਕ ਇਕੱਠ ਲੁਧਿਆਣੇ ਵਿੱਚ ਸਿੱਖ ਧਰਮ ਦੇ ਖਿਲਾਫ ਆਸ਼ੂਤੋਸ਼ ਦੇ ਕੂੜ ਪ੍ਰਚਾਰ ਨੂੰ ਰੋਕਣ ਵਾਲੇ ਸਿੰਘਾਂ ਤੇ ਗੋਲੀ ਚਲਾਉਣ ਲਈ ਪੰਜਾਬ ਦੀ ਬਾਦਲ ਭਾਜਪਾ ਸਰਕਾਰ ਤੇ ਪ੍ਰਸ਼ਾਸ਼ਨ ਨੂੰ ਦੋਸ਼ੀ ਕਰਾਰ ਦਿੰਦਾ ਹੋਇਆਂ ਪ੍ਰਕਾਸ਼ ਸਿੰਘ ਬਾਦਲ ਦਾ ਪੂਰਨ ਬਾਈਕਾਟ ਕਰਦਾ ਹੈ ਤੇ ਇਸਦੇ ਕਿਸੇ ਵੀ ਨਮਿੰਦੇ ਨੂੰ ਬੈਲਜ਼ੀਅਮ ਦੀ ਕਿਸੇ ਵੀ ਸਟੇਜ ਤੋਂ ਬੋਲਣ ਨਹੀ ਦਿੱਤਾ ਜਾਵੇਗਾ ।

ਮਤਾ ਨੰਬਰ :- 3 ਅੱਜ ਦਾ ਪੰਥਕ ਇਕੱਠ ਪੰਜਾਬ ਅੰਦਰ ਡੇਰਾਵਾਦ ਦੇ ਪਸਾਰ ਤੇ ਵਾਧੇ ਲਈ ਸ਼ਰੋਮਣੀ ਅਕਾਲੀ ਦਲ ਬਾਦਲ ਤੇ ਇਸ ਦੇ ਅਧੀਨ ਇਸ ਦੇ ਇਸ਼ਾਰਿਆਂ ਤੇ ਚਲੱਣ ਵਾਲੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੇ ਤਖਤਾਂ ਦੇ ਜਥੇਦਾਰਾਂ ਨੂੰ ਵੀ ਬਰਾਬਰ ਦੇ ਦੋਸ਼ੀ ਮੰਨਦਾ ਹੋਇਆ ਇਹਨਾ ਦੀ ਵੀ ਪੂਰਨ ਰੂਪ ਵਿੱਚ ਬਾਈਕਾਟ ਕਰਦਾ ਹੋਇਆ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਨੂੰ ਵੀ ਬਾਈਕਾਟ ਕਰਨ ਦੀ ਅਪੀਲ ਕਰਦਾ ਹੈ ।

ਮਤਾ ਨੰਬਰ :- 4 ਅੱਜ ਦਾ ਪੰਥਕ ਇਕੱਠ ਗੁਰਮਤਿ ਸਿਧਾਤਾਂ ਦੇ ਖਿਲਾਫ ਪ੍ਰਚਾਰ ਕਰਨ ਵਾਲੇ ਅਖੌਤੀ ਡੇਰਾਵਾਦ ਦੇ ਖਿਲਾਫ ਸੰਘਰਸ਼ ਕਰ ਰਿਹੀਆਂ ਪੰਥਕ ਜਥੇਬੰਦੀਆਂ , ਸਿੱਖ ਸੰਸਥਾਵਾਂ ਦੀ ਸ਼ਲਾਘਾਂ ਕਰਦਾ ਹੋਇਆ ਸਿੱਖ ਸੰਗਤਾਂ ਨੂੰ ਇਹਨਾਂ ਦਾ ਸਾਥ ਦੇਣ ਦੀ ਅਪੀਲ ਕਰਦਾ ਹੈ ।

ਮਤਾ ਨੰਬਰ :-5 ਅੱਜ ਦਾ ਪੰਥਕ ਇਕੱਠ ਸਿੱਖ ਕੌਮ ਦੇ ਮੱਸਲਿਆਂ ਦੇ ਫੈਸਲੇ ਬੰਦ ਕਮਰਿਆਂ ਵਿੱਚ ਕਰਨ ਦੀ ਬਜਾਏ ਸਿਰਫ ਸ਼੍ਰੀ ਅਕਾਲ ਤਖਤ ਸਾਹਿਬ ਤੇ ਹੀ ਹੋਣ ਤੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਦੀ ਚੋਣ ਸਰਬੱਤ ਖਾਲਸਾ ਦੁਆਰਾ ਕਰਨ ਦੀ ਪੁਰਜ਼ੋਰਦਾਰ ਅਪੀਲ ਕਰਦਾ ਹੈ ।

ਮਤਾ ਨੰਬਰ :-6 ਅੱਜ ਦਾ ਪੰਥਕ ਇਕੱਠ ਸਿੱਖ ਕੌਮ ਦੇ ਅਜ਼ਾਦ ਵਤਨ ਖਾਲਸਾ ਰਾਜ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਲਈ ਵਚਨਬੱਧਤਾ ਪ੍ਰਗਟਾਉਦਾ ਹੈ ।

ਮਤਾ ਨੰਬਰ :-7 ਅੱਜ ਦਾ ਪੰਥਕ ਇਕੱਠ ਯੂਰਪ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਤੇ ਸੰਗਤਾਂ ਨੂੰ ਯੂਰਪ ਪੱਧਰ ਦੀ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਸਿਧਾਤਾਂ ਤੇ ਪਹਿਰਾਂ ਦੇਣ ਵਾਲੀ ਯੂਰਪੀਅਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਅਪੀਲ ਕਰਦਾ ਹੈ ।

ਮਤਾ ਨੰਬਰ :-8 ਅੱਜ ਦਾ ਪੰਥਕ ਇਕੱਠ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆ ਰਿਹੀਆਂ ਚੋਣਾਂ ਵਿੱਚ ਪੰਥ ਘਾਤਕ ਬਾਦਲ ਤੋਂ ਅਜ਼ਾਦ ਕਰਾਉਣ ਲਈ ਗੁਰਮਤਿ ਸਿਧਾਤਾਂ ਨੂੰ ਮੰਨਣ ਤੇ ਇਸ ਤੇ ਪਹਿਰਾਂ ਦੇਣ ਵਾਲੇ ਗੁਰਸਿੱਖਾਂ ਦੀ ਗੁਰੂ ਨਾਨਕ ਲੇਵਾ ਗੁਰਸਿੱਖਾਂ ਨੂੰ ਮਦੱਦ ਕਰਨ ਦੀ ਅਪੀਲ ਕਰਦਾ ਹੈ ।

ਮਤਾ ਨੰਬਰ :-9 ਅੱਜ ਦਾ ਪੰਥਕ ਇਕੱਠ ਸਿੱਖ ਚੈਨਲ ਇੰਗਲੈਂਡ ਵੱਲੋ ਲੁਧਿਆਣਾ ਗੋਲੀ ਕਾਂਡ ਦੀ ਸਹੀ ਜਾਣਕਾਰੀ ਸੰਗਤਾਂ ਤੱਕ ਪੰਹੁਚਾਉਣ ਦੀ ਸ਼ਲਾਘਾ ਕਰਦਾ ਹੋਇਆ ਇਸ ਦੇ ਪ੍ਰਬੰਧਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਮਰਯਾਦਾ ਤੇ ਗੁਰਮਤਿ ਸਿਧਾਤਾਂ ਅਨੁਸਾਰ ਹੀ ਪ੍ਰਚਾਰ ਕਰਨ ਦੀ ਅਪੀਲ ਕਰਦਾ ਹੈ ।

ਇਹਨਾਂ ਮਤਿਆਂ ਨੂੰ ਸੰਗਤਾਂ ਨੇ ਜੈਕਾਰਿਆਂ ਨਾਲ ਪ੍ਰਵਾਨਗੀ ਦਿੱਤੀ ।ਸ਼ਹੀਦੀ ਸਮਾਗਮ ਵਿੱਚ ਪੰਹੁਚੇ ਬੈਲਜ਼ੀਅਮ ਦੇ ਸਿੱਖ ਆਗੂ ਭਾਈ ਹਰਵਿੰਦਰ ਸਿੰਘ ਭਤੇੜੀ, ਭਾਈ ਗੁਰਦਿਆਲ ਸਿੰਘ ਢਕਾਸੂ,ਭਾਈ ਕਰਨੈਲ ਸਿੰਘ, ਭਾਈ ਮਲਕੀਤ ਸਿੰਘ ,ਭਾਈ ਰਜਿੰਦਰ ਸਿੰਘ ਬਾਬਾ, ਹਰਜਿੰਦਰ ਸਿੰਘ ਜਿੰਦਾ ,ਜਸਪਾਲ ਸਿੰਘ ,ਭਾਈ ਗੁਰਦੇਵ ਸਿੰਘ ਜਥੇਦਾਰ ,ਬਲਿਹਾਰ ਸਿੰਘ, ਭਾਈ ਗੁਰਮੁੱਖ ਸਿੰਘ, ਬਲਜਿੰਦਰ ਸਿੰਘ ਜਿੰਦੂ, ਬਖਤਾਵਰ ਸਿੰਘ ਬਲੌਰਾ, ਕੁਲਦੀਪ ਸਿੰਘ ਵੀਕਾ, ਜਗਰੂਪ ਸਿੰਘ ਦੋਦਰ, ਗੁਰਜੀਤ ਸਿੰਘ ਸ਼ਰੋਮਣੀ ਅਕਾਲੀ ਦਲ ਅਮਮ੍ਰਿਤਸਰ ਦੇ ਭਾਈ ਸੁਰਜੀਤ ਸਿੰਘ ਬਰਨਾਲਾ ਭਾਈ ਨਿਸ਼ਾਨ ਸਿੰਘ, ਭਾਈ ਅਮਰੀਕ ਸਿੰਘ, ਡਾ. ਅਜੈਬ ਸਿੰਘ ਗੁਰਦੁਆਰਾ ਗੁਰੂ ਨਾਨਕ ਦੇਵ ਬਰੱਸਲ ਦੇ ਸੇਵਾਦਾਰ ਭਾਈ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਗੋਰਾ ,ਭਾਈ ਬਲਜੀਤ ਸਿੰਘ, ਭਾਈ ਦਿਆਲ ਸਿੰਘ ਭਾਈ ਸੰਪੂਰਨ ਸਿੰਘ,ਗੁਰਦੁਆਰਾ ਸੰਗਤ ਸਾਹਿਬ ਸਿੰਤਰੂਦਨ ਦੇ ਪ੍ਰਧਾਨ ਭਾਈ

ਮਹਿੰਦਰ ਸਿੰਘ ਖਾਲਸਾ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਲੀਹ ਦੇ ਸੇਵਾਦਾਰ ਭਾਈ ਨਰਿੰਦਰ ਸਿੰਘ ਜੱਜ ਭਾਈ ਚੂਹੜ ਸਿੰਘ ,ਭਾਈ ਇੰਦਰ ਸਿੰਘ ਭਾਈ ਰਜਿੰਦਰ ਸਿੰਘ, ਭਾਈ ਦਇਆ ਸਿੰਘ , ਜਰਮਨੀ ਦੇ ਭਾਈ ਅੰਗਰੇਜ਼ ਸਿੰਘ ਭਾਈ ਪ੍ਰਤਾਪ ਸਿੰਘ ਬੱਬਰ, ਸ਼ਿਵਦੇਵ ਸਿੰਘ ਕੰਗ ਸਵਿਟਜ਼ਲੈਡ ਦੇ ਭਾਈ ਅਮੋਲਕ ਸਿੰਘ ਭਾਈ ਗੁਰਮੁੱਖ ਸਿੰਘ ਸ਼ਹੀਦੀ ਸਮਾਗਮ ਦੇ ਅੰਤ ਵਿੱਚ ਇੰਟਰਨੈਸ਼ਨਲ ਸਿੱਖ ਕੌਂਸਲ ਦੇ ਪ੍ਰਧਾਨ ਭਾਈ ਜਗਦੀਸ਼ ਸਿੰਘ ਭੂਰਾ ਨੇ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ ਸਮਾਗਮ ਵਿੱਚ ਪੰਹੁਚੀਆਂ ਸਿੱਖ ਸੰਗਤਾਂ ਦਾ ਧੰਨਵਾਦ ਕੀਤਾ ।